# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20 Pm**

**ਮਿਤੀ: 31-05-2024**

- ਪੰਜਾਬ ਵਿਚ ਲੋਕਸਭਾ ਚੋਣਾਂ ਲਈ ਭਲਕੇ ਪਹਿਲੀ ਜੂਨ ਨੂੰ ਹੋਣ ਵਾਲੀ ਪੋਲਿੰਗ ਦੀਆਂ ਸਾਰੀਆਂ ਤਿਆਰੀਆਂ ਮੁਕੰਮਲ , ਚੋਣ ਅਮਲੇ ਨੇ ਪੋਲਿੰਗ ਸਟੇਸ਼ਨ ਸਥਾਪਤ ਕੀਤੇ ।
- ਮੁਖ ਚੋਣ ਅਧਿਕਾਰੀ ਸਿਬਿਨ ਸੀ ਅਨੁਸਾਰ ਪੋਲਿੰਗ ਸਟੇਸ਼ਨਾਂ ਦੀ ਨਿਗਰਾਨੀ, ਸੀ.ਸੀ.ਟੀ.ਵੀ. ਕੈਮਰਿਆਂ ਰਾਹੀਂ ਕੀਤੀ ਜਾਵੇਗੀ।
- ਜਬਰਦਸਤ ਗਰਮੀ ਤੇ ਲੂ ਦੇ ਹਾਲਾਤ ਨੂੰ ਵੇਖਦਿਆਂ, ਪੋਲਿੰਗ ਸਟੇਸ਼ਨਾਂ ਤੇ ਵੱਡੇ ਪੱਧਰ ਤੇ ਇੰਤਜ਼ਾਮ ਕੀਤੇ ਗਏ ਨੇ ।
- ਮੌਸਮ ਵਿਭਾਗ ਨੇ ਅਗਲੇ ਤਿੰਨ ਦਿਨ ਲਈ ਤੇਜ ਹਵਾਵਾਂ ਵਗਣ ਤੇ ਗ਼ਰਜ਼ ਚਮਕ ਨਾਲ ਛਿੱਟੇ ਪੈਣ ਦੀ ਚੇਤਾਵਨੀ ਸੰਬੰਧੀ ਯੈਲੋ ਅਲਰਟ ਜਾਰੀ ਕੀਤਾ ਏ ।

-------------------------------------------------------------

ਪੰਜਾਬ ਵਿਚ ਲੋਕਸਭਾ ਚੋਣਾਂ ਲਈ ਭਲਕੇ ਪਹਿਲੀ ਜੂਨ ਨੂੰ ਹੋਣ ਵਾਲੀ ਪੋਲਿੰਗ ਲਈ, ਸਾਰੀਆਂ ਤਿਆਰੀਆਂ ਮੁੱਕਮਲ ਕਰ ਲਈਆਂ ਗਈਆਂ ਨੇ। ਸੂਬੇ ਦੇ ਵੋਟਰ, ਚੋਣ ਮੈਦਾਨ ਵਿਚ ਨਿਤਰੇ 169 ਆਜ਼ਾਦ ਉਮੀਦਵਾਰਾਂ ਸਮੇਤ ਕੁਲ 328 ਉਮੀਦਵਾਰਾਂ ਦੀ ਕਿਸਮਤ ਨੂੰ, ਇਲੈਕਟ੍ਰੋਨਿਕ ਵੋਟਿੰਗ ਮਸ਼ੀਨਾਂ ਵਿਚ ਬੰਦ ਕਰਨਗੇ। ਸਾਰੇ ਹੀ ਪੋਲਿੰਗ ਕੇਂਦਰਾਂ ਤੇ ਚੋਣ ਪਾਰਟੀਆਂ ਅੱਜ ਪੁੱਜ ਗਈਆਂ ਨੇ।

***<u>ਵੇਰਵੇ ਨਾਲ ਇਹ ਰਿਪੋਰਟ : ਡਿਸਪੈਚ: ਜਲੰਧਰ ਸਮੇਤ ਵੱਖ ਵੱਖ ਜ਼ਿਲਿਆਂ ਵਿਚ ਪੋਲਿੰਗ ਸਟੇਸ਼ਨਾਂ ਲਈ ਚੋਣ ਅਮਲੇ ਦੀ ਰਵਾਨਗੀ ਅੱਜ ਸਵੇਰ ਤੋਂ ਹੀ ਸ਼ੁਰੂ ਹੋ ਗਈ। ਭਾਰੀ ਗਰਮੀ ਦੇ ਬਾਵਜੂਦ ਚੋਣ ਅਮਲੇ ਵਿਚ ਉਤਸ਼ਾਹ ਵੇਖਿਆ ਗਿਆ। ਚੋਣ ਅਮਲੇ ਨੂੰ ਇਲੈਕਟ੍ਰੋਨਿਕ ਵੋਟਿੰਗ ਮਸ਼ੀਨਾਂ ਅਤੇ ਹੋਰ ਸਾਜੋ ਸਾਮਾਨ ਦੇ ਕੇ ਰਵਾਨਾ ਕੀਤਾ ਗਿਆ। ਚੋਣ ਅਮਲੇ ਨੇ ਸਾਰੇ ਪੋਲਿੰਗ ਸਟੇਸ਼ਨ ਪੂਰੀ ਤਰਾਂ ਨਾਲ ਤਿਆਰ ਵੀ ਕਰ ਲਏ ਨੇ ਅਤੇ ਵੋਟਿੰਗ ਭਲਕੇ ਸਵੇਰੇ 7 ਵਜੇ ਤੋਂ ਸ਼ਾਮ 6 ਵਜੇ ਤਕ ਹੋਵੇਗੀ। ਪੋਲਿੰਗ ਸਟੇਸ਼ਨਾਂ ਤੇ</u>***

ਸੁਰੱਖਿਆ ਦੇ ਸਖਤ ਪ੍ਰਬੰਧ ਕੀਤੇ ਗਏ ਨੇ ਅਤੇ ਨਾਜ਼ੁਕ ਤੇ ਅਤਿ ਨਾਜ਼ੁਕ ਪੋਲਿੰਗ ਸਟੇਸ਼ਨਾਂ ਤੇ ਵਾਧੂ ਗਿਣਤੀ ਵਿਚ ਪੁਲਿਸ ਤੋਂ ਅਲਾਵਾ ਕੇਂਦਰੀ ਸੁਰੱਖਿਆ ਬਲਾਂ ਦੇ ਜਵਾਨਾਂ ਦੀ ਤਾਇਨਾਤੀ ਕੀਤੀ ਗਈ ਏ।ਸੂਬੇ ਵਿਚ 2 ਕਰੋੜ 14 ਲੱਖ 61 ਹਜ਼ਾਰ 739 ਵੋਟਰ ਰਜਿਸਟਰਡ ਨੇ ਅਤੇ ਇਨਾਂ ਵਿਚ 1 ਕਰੋੜ 12 ਲੱਖ 86 ਹਜ਼ਾਰ 726 ਮਰਦ, 1 ਕਰੋੜ 1 ਲੱਖ 74 ਹਜ਼ਾਰ 240 ਔਰਤ ਤੇ 773 ਥਰਡ ਜੈਂਡਰ ਵੋਟਰ ਸ਼ਾਮਲ ਨੇ। ਇਸੇ ਤਰ੍ਹਾਂ 1 ਲੱਖ 89 ਹਜ਼ਾਰ 855 ਵੋਟਰ 85 ਸਾਲ ਤੋਂ ਵੱਧ ਉਮਰ ਦੇ ਨੇ ਜਦਕਿ ਦਿਵਿਆਂਗ ਵੋਟਰਾਂ ਦੀ ਗਿਣਤੀ 1 ਲੱਖ 58 ਹਜ਼ਾਰ 718 ਏ।ਵੋਟਰਾਂ ਦੇ ਲਿਹਾਜ ਨਾਲ ਲੁਧਿਆਣਾ ਲੋਕਸਭਾ ਹਲਕੇ ਵਿਚ ਵੋਟਰਾਂ ਦੀ ਗਿਣਤੀ ਸਬ ਤੋਂ ਵੱਧ 17 ਲੱਖ 58 ਹਜ਼ਾਰ 614 ਏ, ਇਨਾਂ ਵਿਚ 9 ਲੱਖ 37 ਹਜ਼ਾਰ 94 ਮਰਦ, 8 ਲੱਖ 21 ਹਜ਼ਾਰ 386 ਔਰਤ ਅਤੇ 134 ਥਰਡ ਜੈਂਡਰ ਵੋਟਰ ਸ਼ਾਮਲ ਨੇ। ਲੁਧਿਆਣਾ ਲੋਕਸਭਾ ਹਲਕੇ ਵਿਚ ਉਮੀਦਵਾਰਾਂ ਦੀ ਗਿਣਤੀ 43 ਏ ਜਿਹੜੀ ਸੂਬੇ ਵਿਚ

ਸਬ ਤੋਂ ਵੱਧ ਏ। ਇਨਾਂ ਵਿਚ 26 ਉਮੀਦਵਾਰ ਆਜ਼ਾਦ ਨੇ। ਵੋਟਰਾਂ ਦੇ ਲਿਹਾਜ਼ ਨਾਲ ਸਬ ਤੋਂ ਘੱਟ ਵੋਟਰ 15 ਲੱਖ 52 ਹਜ਼ਾਰ 567 ਫਤਹਿਗੜ੍ਹ ਸਾਹਿਬ ਰਾਖਵੇਂ ਲੋਕਸਭਾ ਹਲਕੇ ਵਿਚ ਨੇ ਅਤੇ 7 ਆਜ਼ਾਦ ਉਮੀਦਵਾਰਾਂ ਸਮੇਤ ਸਬ ਤੋਂ ਘੱਟ 14 ਉਮੀਦਵਾਰ ਵੀ ਇਸੇ ਹਲਕੇ ਵਿਚ ਚੋਣ ਮੈਦਾਨ ਵਿਚ ਨਿਤਰੇ ਹੋਏ ਨੇ। ਸਬ ਤੋਂ ਵੱਧ ਪੋਲਿੰਗ ਸਟੇਸ਼ਨ ਪਟਿਆਲਾ ਵਿਚ 2 ਹਜ਼ਾਰ 82 ਬਣਾਏ ਗਏ ਨੇ ਜਦਕਿ ਸਬ ਤੋਂ ਘੱਟ ਪੋਲਿੰਗ ਸਟੇਸ਼ਨ ਅੰਮ੍ਰਿਤਸਰ ਵਿਚ 1 ਹਜ਼ਾਰ 684 ਨੇ। ਭਲਕੇ ਪਹਿਲੀ ਜੂਨ ਨੂੰ ਵੋਟਰ ਆਪਣੇ ਫਰਜ਼ ਨੂੰ ਸਮਝਦਿਆਂ ਪੋਲਿੰਗ ਕੇਂਦਰਾਂ ਤੇ ਪਹੁੰਚ ਕੇ ਲੋਕਤੰਤਰ ਦੇ ਇਸ ਪਰਵ ਵਿਚ ਹਿੱਸਾ ਲੈਣਗੇ ਇਸ ਬਾਰੇ ਚੋਣ ਪ੍ਰਕ੍ਰਿਆ ਨਾਲ ਜੁੜੇ ਹੋਏ ਸਾਰੇ ਹੀ ਅਧਿਕਾਰੀ ਆਸਵੰਦ ਨੇ। ਜੇ ਸਾਲ 2019 ਦੀਆਂ ਲੋਕਸਭਾ ਚੋਣਾਂ ਦੀ ਗੱਲ ਕਰੀਏ ਤਾਂ 65 ਫੀਸਦੀ ਤੋਂ ਕੁਝ ਵੱਧ ਵੋਟਿੰਗ ਦਰਜ਼ ਕੀਤੀ ਗਈ ਸੀ। ਇਨਾਂ ਚੋਣਾਂ ਲਈ ਭਾਰਤ ਚੋਣ ਕਮਿਸ਼ਨ ਦਾ ਟੀਚਾ ਏ ਇਸ ਬਾਰ ਸੱਤਰ ਪਾਰ ਅਤੇ ਇਸ ਟੀਚੇ ਦੀ ਪ੍ਰਾਪਤੀ ਲਈ ਮੁਖ ਚੋਣ ਅਧਿਕਾਰੀ ਦੇ ਦਫਤਰ ਦੀ

***<u>ਅਗਵਾਈ ਹੇਠ ਵੱਖ ਵੱਖ ਜ਼ਿਲਿਆਂ ਦੇ ਜ਼ਿਲਾ ਚੋਣ ਅਧਿਕਾਰੀਆਂ ਸਮੇਤ ਹੋਰਨਾਂ ਅਧਿਕਾਰੀਆਂ ਨੇ ਸਖਤ ਮੇਹਨਤ ਕੀਤੀ ਏ।ਸ਼ਿਸ਼ੂ ਸ਼ਰਮਾ ਸ਼ਾਂਤਲ, ਆਕਾਸ਼ਵਾਣੀ ਸਮਾਚਾਰ, ਜਲੰਧਰ</u>***

-----------------------------------------------------

ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਦੱਸਿਆ ਕਿ ਵੋਟਰਾਂ ਨੂੰ ਸਾਰੀਆਂ ਜਰੂਰੀ ਸਹੂਲਤਾਂ ਪ੍ਰਦਾਨ ਕਰਨ ਅਤੇ ਸੁਰੱਖਿਅਤ ਤੇ ਸ਼ਾਂਤੀਪੂਰਨ ਮਾਹੌਲ ਯਕੀਨੀ ਬਣਾਉਣ ਲਈ, ਵਿਆਪਕ ਪ੍ਰਬੰਧ ਕੀਤੇ ਗਏ ਨੇ । ਉਨ੍ਹਾਂ ਦੱਸਿਆ ਕਿ ਸਾਰੇ ਪੋਲਿੰਗ ਸਟੇਸ਼ਨਾਂ ਦੀ ਨਿਗਰਾਨੀ ਸੀ.ਸੀ.ਟੀ.ਵੀ. ਕੈਮਰਿਆਂ ਜ਼ਰੀਏ ਕੀਤੀ ਜਾਵੇਗੀ । ਇਸਦੇ ਨਾਲ ਹੀ ਚੋਣ ਅਧਿਕਾਰੀਆਂ ਅਤੇ ਅਬਜ਼ਰਵਰਾਂ ਵਲੋਂ ਰੀਅਲ-ਟਾਈਮ ਮਾਨੀਟਰਿੰਗ ਲਈ ਪੋਲਿੰਗ ਸਟੇਸ਼ਨਾਂ ਦੀ 100 ਫੀਸਦ ਲਾਈਵ ਵੈਬ-ਕਾਸਟਿੰਗ ਯਕੀਨੀ ਬਣਾਈ ਜਾਵੇਗੀ । ਉਨਾਂ ਦੱਸਿਆ ਕਿ ਸੂਬੇ ਦੇ ਕੁੱਲ 2 ਲੱਖ 60 ਹਜ਼ਾਰ ਕਰਮਚਾਰੀ ਚੋਣ ਡਿਊਟੀ ਨਿਭਾ ਰਹੇ ਨੇ, ਜਿਨ੍ਹਾਂ ਵਿੱਚ ਇਕ ਲੱਖ 20 ਹਜ਼ਾਰ 114 ਪੋਲਿੰਗ ਸਟਾਫ਼, 70 ਹਜ਼ਾਰ 724 ਸੁਰੱਖਿਆ ਕਰਮਚਾਰੀ, ਸੂਬਾ ਪੁਲਿਸ ਅਤੇ ਕੇਂਦਰੀ

ਹਥਿਆਰਬੰਦ ਅਰਧ ਸੈਨਿਕ ਬਲ, 50 ਹਜ਼ਾਰ ਸਪੋਰਟਿੰਗ ਸਟਾਫ਼ ਅਤੇ ਮੁੱਖ ਚੋਣ ਅਧਿਕਾਰੀ, ਦਫ਼ਤਰ ਤੇ ਜ਼ਿਲ੍ਹਾ ਚੋਣ ਅਧਿਕਾਰੀ ਦਫ਼ਤਰਾਂ ਦੇ 25 ਹਜ਼ਾਰ 150 ਕਰਮਚਾਰੀ ਸ਼ਾਮਲ ਨੇ। ਸਿਬਿਨ ਸੀ ਨੇ ਜ਼ੋਰ ਦੇ ਕੇ ਕਿਹਾ ਕਿ ਪੋਲਿੰਗ ਸਟਾਫ ਨੂੰ ਕਿਸੇ ਵੀ ਐਮਰਜੈਂਸੀ ਨਾਲ ਨਜਿੱਠਣ ਲਈ ਵਿਸ਼ੇਸ਼ ਸਿਖਲਾਈ ਦਿੱਤੀ ਗਈ ਏ। ਆਸ਼ਾ ਵਰਕਰਾਂ ਨੂੰ ਐਮਰਜੈਂਸੀ ਮੈਡੀਕਲ ਹਾਲਾਤਾਂ ਨਾਲ ਨਜਿੱਠਣ ਲਈ ਪੋਲਿੰਗ ਸਟੇਸ਼ਨਾਂ 'ਤੇ ਤਾਇਨਾਤ ਕੀਤਾ ਜਾਵੇਗਾ । ਪੋਲਿੰਗ ਸਟੇਸ਼ਨ ‘ਤੇ ਫਸਟ ਏਡ ਕਿੱਟਾਂ, ਓ.ਆਰ.ਐਸ. ਘੋਲ, ਸ਼ੂਗਰ ਕੈਂਡੀਜ਼, ਦਵਾਈਆਂ ਅਤੇ ਮੱਲ੍ਹਮ-ਪੱਟੀਆਂ ਦੀ ਸਹੂਲਤ ਹੋਵੇਗੀ । ਇਸ ਤੋਂ ਇਲਾਵਾ ਗਰਮੀ ਤੋਂ ਰਾਹਤ ਲਈ ਪੋਲਿੰਗ ਸਟੇਸ਼ਨਾਂ 'ਤੇ 'ਛਬੀਲ' ਵੀ ਲਗਾਈ ਜਾਵੇਗੀ । ਘਰ ਤੋਂ ਵੋਟਿੰਗ ਦੀ ਸਹੂਲਤ ਬਾਰੇ ਗੱਲ ਕਰਦਿਆਂ ਸਿਬਿਨ ਸੀ ਨੇ ਦੱਸਿਆ ਕਿ 85 ਸਾਲ ਤੋਂ ਵੱਧ ਉਮਰ ਦੇ 9 ਹਜ਼ਾਰ 239 ਦੇ ਵੋਟਰਾਂ ਅਤੇ 4 ਹਜ਼ਾਰ 530 ਦਿਵਿਆਂਗ ਵੋਟਰਾਂ ਨੂੰ ਮਿਲਾ ਕੇ ਕੁੱਲ 13 ਹਜ਼ਾਰ 769 ਵੋਟਰਾਂ ਪਾਸੋਂ ਘਰ ਤੋਂ ਵੋਟ ਦੀ ਸਹੂਲਤ ਸਬੰਧੀ ਸਹਿਮਤੀ ਪ੍ਰਾਪਤ ਹੋਈ ਸੀ, ਜਿਨ੍ਹਾਂ ਵਿੱਚੋਂ 85 ਸਾਲ ਤੋਂ ਵੱਧ ਉਮਰ

ਦੇ 8 ਹਜ਼ਾਰ 640 ਅਤੇ 4 ਹਜ਼ਾਰ 203 ਦਿਵਿਆਂਗ ਵੋਟਰਾਂ ਸਮੇਤ ਕੁੱਲ 12 ਹਜ਼ਾਰ 843 ਵੋਟਰਾਂ ਨੇ 30 ਮਈ ਤੱਕ ਆਪਣੀ ਵੋਟ ਪਾ ਲਈ ਏ । ਉਨ੍ਹਾਂ ਦੱਸਿਆ ਕਿ 85 ਸਾਲ ਤੋਂ ਵੱਧ ਉਮਰ ਵਾਲੇ ਅਤੇ ਦਿਵਿਆਂਗ ਵੋਟਰ, ਜਿਨ੍ਹਾਂ ਨੇ ਹੋਮ ਵੋਟਿੰਗ ਸਹੂਲਤ ਦੀ ਚੋਣ ਨਹੀਂ ਕੀਤੀ, ਉਹ ਸਕਸ਼ਮ ਐਪਲੀਕੇਸ਼ਨ 'ਤੇ ਰਜਿਸਟਰ ਕਰਕੇ 'ਪਿਕ ਐਂਡ ਡਰਾਪ ਸੁਵਿਧਾ' ਲੈ ਸਕਦੇ ਨੇ । ਉਨ੍ਹਾਂ ਦੱਸਿਆ ਕਿ ਆਦਰਸ਼ ਚੋਣ ਜ਼ਾਬਤਾ ਲਾਗੂ ਹੋਣ ਤੋਂ ਲੈ ਕੇ 30 ਮਈ ਤੱਕ ਸੂਬੇ ਵਿੱਚ 801 ਕਰੋੜ 47 ਲੱਖ ਰੁਪਏ ਦੀਆਂ ਬਰਾਮਦਗੀਆਂ ਕੀਤੀਆਂ ਗਈਆਂ ਨੇ । ਸਿਬਿਨ ਸੀ ਨੇ ਪੰਜਾਬ ਦੇ ਵੋਟਰਾਂ ਨੂੰ ਅਪੀਲ ਕੀਤੀ ਏ, ਕਿ ਉਹ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਦਿਆਂ ਲੋਕਤੰਤਰ ਦੇ ਇਸ ਸਭ ਤੋਂ ਵੱਡੇ ਤਿਉਹਾਰ ਵਿੱਚ ਵਧ-ਚੜ੍ਹ ਕੇ ਹਿੱਸਾ ਲੈਣ ਤਾਂ ਜੋ “ਇਸ ਵਾਰ 70 ਪਾਰ” ਦੇ ਟੀਚੇ ਨੂੰ ਪ੍ਰਾਪਤ ਕੀਤਾ ਜਾ ਸਕੇ ।

-----------------------------------------------------

ਪੰਜਾਬ ਵਿਚ ਭਲਕੇ ਹੋਣ ਵਾਲੀ ਵੋਟਿੰਗ ਲਈ, ਵੱਖ ਵੱਖ ਹਲਕਿਆਂ 'ਚ ਚੋਣ ਅਮਲੇ ਨੂੰ ਆਪੋ ਆਪਣੇ ਬੂਥਾਂ ਲਈ ਰਵਾਨਾ ਕੀਤਾ ਗਿਆ। ਚੋਣ

ਅਮਲੇ ਦਾ ਕਹਿਣਾ ਏ ਕੀ ਉਹ, ਲੋਕਤੰਤਰ ਦੇ ਉਤਸਵ ਵਿਚ ਹਿੱਸਾ ਲੈਣ 'ਤੇ ਖੁਸ਼ ਨੇ। ਸਾਰਿਆਂ ਨੇ ਆਪਣੀ ਖੁਸ਼ੀ ਸਾਂਝੀ ਕਰਦਿਆਂ, ਲੋਕਾਂ ਨੂੰ ਅੱਗੇ ਆਕੇ ਵੋਟ ਕਰਨ ਦੀ ਅਪੀਲ ਕੀਤੀ।

---------------------------------------------------------

ਭਲਕੇ ਹੋਣ ਵਾਲੀ ਪੋਲਿੰਗ ਦੇ ਸੰਬਧ ਵਿਚ ਆਕਾਸ਼ਵਾਣੀ ਜਲੰਧਰ ਤੋਂ ਚੋਣਾਂ ਦੇ ਵਿਸ਼ੇਸ਼ ਸਮਾਚਾਰ ਬੁਲੇਟਿਨ ਪ੍ਰਸਾਰਿਤ ਕੀਤੇ ਜਾਣਗੇ। ਇਨਾ ਦਾ ਸਮਾਂ ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਦਰਮਿਆਨ ਰਹੇਗਾ। ਇਹ ਵਿਸ਼ੇਸ਼ ਸਮਾਚਾਰ ਬੁਲੇਟਿਨ, ਰੋਜਾਨਾ ਪ੍ਰਸਾਰਿਤ ਹੋਣ ਵਾਲੇ ਬੁਲੇਟਿਨਾ ਤੋਂ ਇਲਾਵਾ ਹੋਣਗੇ।

---------------------------------------------------------

ਪੰਜਾਬ ਦੇ ਸਾਰੇ ਹੀ 13 ਲੋਕਸਭਾ ਹਲਕਿਆਂ ਵਿਚ ਵੋਟਰਾਂ ਲਈ ਕੁਲ 24 ਹਜ਼ਾਰ 451 ਪੋਲਿੰਗ ਸਟੇਸ਼ਨ ਬਣਾਏ ਗਏ ਨੇ। ਇਨਾਂ ਵਿਚ 16 ਹਜ਼ਾਰ 517 ਪੇਂਡੂ ਅਤੇ 7 ਹਜ਼ਾਰ 934 ਸ਼ਹਿਰੀ ਇਲਾਕਿਆਂ ਵਿਚ ਸਥਿਤ ਨੇ। ਇਨਾਂ ਵਿੱਚੋਂ 5 ਹਜ਼ਾਰ 694 ਪੋਲਿੰਗ ਸਟੇਸ਼ਨ

ਸੰਵੇਦਨਸ਼ੀਲ ਸਟੇਸ਼ਨ ਵਜੋਂ ਪਛਾਣੇ ਗਏ ਨੇ। ਕੁਝ ਪੋਲਿੰਗ ਸਟੇਸ਼ਨ ਖਾਸ ਵਿਸ਼ੇਸ਼ਤਾਵਾਂ ਨਾਲ ਲੈਸ ਹੋਣਗੇ।

*ਹੋਰ ਵੇਰਵੇ ਨਾਲ ਇਹ ਰਿਪੋਰਟ : ਡਿਸਪੈਚ: ਸੂਬੇ ਦੇ 13 ਲੋਕਸਭਾ ਹਲਕਿਆਂ ਵਿਚ 58 ਅਜਿਹੇ ਪੋਲਿੰਗ ਬੂਥ ਨੇ ਜਿਨਾਂ ਵਿਚ ਪਲਾਸਟਿਕ ਦੀ ਵਰਤੋਂ ਬਿਲਕੁਲ ਵੀ ਨਹੀਂ ਕੀਤੀ ਗਈ ਏ ਜਦਕਿ 165 ਪਿੰਕ ਬੂਥ ਦੀ ਪੂਰੀ ਵਾਗਡੋਰ ਔਰਤਾਂ ਦੇ ਹੱਥ ਵਿਚ ਹੋਵੇਗੀ। ਕੁਲ 1064 ਮਾਡਲ ਬੂਥ ਵੀ ਬਣਾਏ ਗਏ ਨੇ। ਸ਼ਹੀਦ ਭਗਤ ਸਿੰਘ ਨਗਰ ਜ਼ਿਲੇ ਦੇ ਖਟਕੜਕਲਾਂ ਬੂਥ ਨੂੰ ਗ੍ਰੀਨ ਬੂਥ ਬਣਿਆ ਗਿਆ ਏ ਅਤੇ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਜੀਵਨ ਨੂੰ ਦਰਸਾਉਂਦੇ ਹੋਏ ਫੋਟੋ ਲਗਾਏ ਗਏ ਨੇ। ਸੂਬੇ ਵਿਚ ਇਹ ਪਹਿਲੀ ਵਾਰ ਹੋਵੇਗਾ ਕਿ 99 ਅਜਿਹੇ ਬੂਥ ਬਣਾਏ ਗਏ ਨੇ ਜਿਨ੍ਹਾਂ ਦੀ ਪੂਰੀ ਜਿੱਮੇਦਾਰੀ 35 ਸਾਲ ਤੋਂ ਘੱਟ ਉਮਰ ਦੇ ਨੌਜਵਾਨਾਂ ਵਲੋਂ ਹੀ ਨਿਭਾਈ ਜਾਵੇਗੀ। ਇਸ ਦਾ ਮਕਸਦ ਨੌਜਵਾਨ ਵੋਟਰਾਂ ਨੂੰ ਵੋਟ ਪਾਉਣ ਲਈ ਪੋਲਿੰਗ ਸਟੇਸ਼ਨ ਵੱਲ ਲਿਆਉਣਾ ਏ। ਇਸ ਤੋਂ ਅਲਾਵਾ ਕੁਝ ਪੋਲਿੰਗ ਸਟੇਸ਼ਨ ਅਜਿਹੇ ਵੀ ਹੋਣਗੇ ਜਿਨਾਂ ਤੇ ਦਿਵਯਾਂਗ ਅਮਲੇ*

***ਦੀ ਹੀ ਤਾਇਨਾਤੀ ਕੀਤੀ ਗਈ ਏ। ਇਸਦੇ ਨਾਲ ਹੀ ਪੋਲਿੰਗ ਸਟੇਸ਼ਨਾਂ ਤੇ ਸੈਲਫੀ ਪੁਆਇੰਟ ਸਥਾਪਤ ਕੀਤੇ ਗਏ ਨੇ ਤਾਂ ਜੋ ਲੋਕ ਪੋਲਿੰਗ ਮਗਰੋਂ ਆਪਣੀ ਸੈਲਫੀ ਲੈ ਸਕਣ। ਬਿਊਰੋ ਰਿਪੋਰਟ ਨਾਲ ਸਰਬਜੀਤ ਕੌਰ, ਆਕਾਸ਼ਵਾਣੀ ਸਮਾਚਾਰ, ਜਲੰਧਰ***

---------------------------------------------------------------

ਪੰਜਾਬ ਵਿਚ ਪਿਛਲੇ ਕਈ ਦਿਨਾਂ ਤੋਂ ਜਬਰਦਸਤ ਕਹਿਰ ਢਾ ਰਹੀ ਝੁਲਸਾ ਦੇਣ ਵਾਲੀ ਗਰਮੀ ਹਾਲੇ ਜਾਰੀ ਏ। ਮੌਸਮ ਵਿਭਾਗ ਨੇ ਭਲਕੇ ਪਹਿਲੀ ਜੂਨ ਲਈ, ਕਈ ਜ਼ਿਲਿਆਂ ਵਿਚ ਓਰੇਂਜ ਤੇ ਯੈਲੋ ਅਲਰਟ ਜਾਰੀ ਕਰਦਿਆਂ, ਹਨੇਰੀ ਝੱਖੜ ਤੇ ਗ਼ਰਜ਼ ਚਮਕ ਨਾਲ ਛਿੱਟੇ ਪੈਣ ਦੀ ਚੇਤਾਵਨੀ ਦਿੱਤੀ ਏ। ਇਸ ਦੌਰਾਨ ਤਕਰੀਬਨ 40 ਤੋਂ 50 ਕਿਲੋ-ਮੀਟਰ ਪ੍ਰਤੀ ਘੰਟੇ ਦੀ ਰਫਤਾਰ ਨਾਲ ਤੇਜ਼ ਹਵਾਵਾਂ ਵਗ ਸਕਦੀਆਂ ਨੇ। ਅੱਜ ਸਵੇਰ ਤੋਂ ਹੀ ਵਗਦੇ ਲੂ ਦੇ ਥਪੇੜਿਆਂ ਨੇ, ਹਰ ਕਿਸੇ ਦੇ ਨੱਕ ਵਿਚ ਦਮ ਕੀਤਾ ਹੋਇਆ ਏ। ਗਰਮੀ ਨਾਲ ਆਮ ਜਨਜੀਵਨ ਬੁਰੀ ਤਰਾਂ ਨਾਲ ਪ੍ਰਭਾਵਤ ਹੋਇਆ ਏ। ਜਬਰਦਸਤ ਗਰਮੀ ਤੇ ਲੂ ਦੇ ਇਸ ਗੰਭੀਰ ਹਾਲਾਤ ਨੂੰ ਵੇਖਦਿਆਂ ਕੌਮੀ ਆਫ਼ਤ ਪ੍ਰਬੰਧਨ ਅਥਾਰਿਟੀ ਨੇ

ਲੋਕਾਂ ਨੂੰ ਪੂਰੀ ਸਾਵਧਾਨੀ ਵਰਤਣ ਦੀ ਸਲਾਹ ਦਿੱਤੀ ਏ। ਲੋਕਾਂ ਨੂੰ ਸਿੱਧੀ ਧੁੱਪ ਵਿਚ ਬਾਹਰ ਨਿਕਲਣ ਤੋਂ ਬਚਣ, ਛਾਂ ਵਿੱਚ ਰਹਣ ਅਤੇ ਸਵੇਰੇ 11 ਵਜੇ ਤੋਂ ਸ਼ਾਮ 4 ਵਜੇ ਤਕ ਬਾਹਰ ਜਾਣ ਤੋਂ ਪਰਹੇਜ ਕਰਨ ਲਈ ਆਖਿਆ ਗਿਆ ਏ। ਇਸ ਦੇ ਨਾਲ ਹੀ ਜਰੂਰੀ ਮਿਕਦਾਰ ਵਿਚ ਪਾਣੀ ਪੀਣ, ਸਿਰ ਨੂੰ ਟੋਪੀ ਜਾਂ ਤੋਲੀਏ ਨਾਲ ਢੱਕ ਕੇ ਰੱਖਣ, ਲੂ ਲੱਗਣ ਵਾਲੇ ਵਿਅਕਤੀ ਨੂੰ ਆਈਸਪੈਕ ਤੇ ਠੰਡੇ ਪਾਣੀ ਨਾਲ ਠੰਡਾ ਕਰਨ ਅਤੇ ਤੁਰੰਤ ਹਸਪਤਾਲ ਲਿਜਾਣ, ਘਰ ਵਿੱਚ ਨਮਕ ਤੇ ਖੰਡ ਵਾਲੇ ਪਾਣੀ ਦਾ ਘੋਲ ਇਲਕਟ੍ਰੋ ਲਾਇਟ੍ਰਸ ਰੱਖਣ ਅਤੇ ਬੱਚਿਆਂ ਤੇ ਬਜ਼ੁਰਗਾਂ ਦਾ ਖਾਸ ਧਿਆਨ ਰੱਖਣ ਦੀ ਸਲਾਹ ਦਿੱਤੀ ਗਈ ਏ।

---

## **ਅਖੀਰ ਵਿਚ ਖਾਸ ਖਬਰਾਂ ਇਕ ਵਾਰ ਫੇਰ ਤੋਂ**

- ਪੰਜਾਬ ਵਿਚ ਲੋਕਸਭਾ ਚੋਣਾਂ ਲਈ ਭਲਕੇ ਪਹਿਲੀ ਜੂਨ ਨੂੰ ਹੋਣ ਵਾਲੀ ਪੋਲਿੰਗ ਦੀਆਂ ਸਾਰੀਆਂ ਤਿਆਰੀਆਂ ਮੁਕੰਮਲ , ਚੋਣ ਅਮਲੇ ਨੇ ਪੋਲਿੰਗ ਸਟੇਸ਼ਨ ਸਥਾਪਤ ਕੀਤੇ।

- ਮੁਖ ਚੋਣ ਅਧਿਕਾਰੀ ਸਿਬਿਨ ਸੀ ਅਨੁਸਾਰ ਪੋਲਿੰਗ ਸਟੇਸ਼ਨਾਂ ਦੀ ਨਿਗਰਾਨੀ, ਸੀ.ਸੀ.ਟੀ.ਵੀ. ਕੈਮਰਿਆਂ ਰਾਹੀਂ ਕੀਤੀ ਜਾਵੇਗੀ।
- ਜਬਰਦਸਤ ਗਰਮੀ ਤੇ ਲੂ ਦੇ ਹਾਲਾਤ ਨੂੰ ਵੇਖਦਿਆਂ, ਪੋਲਿੰਗ ਸਟੇਸ਼ਨਾਂ ਤੇ ਵੱਡੇ ਪੱਧਰ ਤੇ ਇੰਤਜ਼ਾਮ ਕੀਤੇ ਗਏ ਨੇ।
- ਮੌਸਮ ਵਿਭਾਗ ਨੇ ਅਗਲੇ ਤਿੰਨ ਦਿਨ ਲਈ ਤੇਜ ਹਵਾਵਾਂ ਵਗਣ ਤੇ ਗ਼ਰਜ਼ ਚਮਕ ਨਾਲ ਛਿੱਟੇ ਪੈਣ ਦੀ ਚੇਤਾਵਨੀ ਸੰਬੰਧੀ ਯੈਲੋ ਅਲਰਟ ਜਾਰੀ ਕੀਤਾ ਏ।